ਨੰ:1/3/98-ਰਸ-1/962

ਪੰਜਾਬ ਸਰਕਾਰ
ਭਲਾਈ ਵਿਭਾਗ
(ਰਿਜ਼ਰਵੇਸ਼ਨ ਸੈਲ)

ਮਿਤੀ, ਚੰਡੀਗੜ੍ਹ 22.7.2008.

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ;
ਡਵੀਜ਼ਨਾਂ ਦੇ ਕਮਿਸ਼ਨਰ,
ਸਮੂਹ ਜ਼ਿਲਿਆਂ ਦੇ ਡਿਪਟੀ ਕਮਿਸ਼ਨਰ;
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ;
ਸਮੂਹ ਜ਼ਿਲਾ ਤੇ ਸੈਸ਼ਨ ਜੱਜ, ਅਤੇ
ਸਮੂੰਹ ਉਪ ਮੰਡਲ ਮੈਜਿਸਟਰੇਟ(ਸ) ਪੰਜਾਬ।

ਵਿਸ਼ਾ: ਵਿਮੁਕਤ ਜਾਤੀਆਂ ਅਤੇ ਬਾਜ਼ੀਗਰਾਂ ਨੂੰ ਰਿਜ਼ਰਵੇਸ਼ਨ ਦੇਣ ਸਬੰਧੀ।

ਸ੍ਰੀ ਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਸਰਕਾਰ ਦੇ ਪੱਤਰ ਨੰ:1/3/98-ਰਸ-1/948, ਮਿਤੀ 20.12.2001 ਵੱਲ ਦਿਵਾਉਂਦੇ ਹੋਏ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਇਸ ਪੱਤਰ ਰਾਹੀਂ ਆਪ ਨੂੰ ਲਿਖਿਆ ਗਿਆ ਸੀ ਕਿ ਵਿਮੁਕਤ ਜਾਤੀਆਂ/ਬਾਜ਼ੀਗਰਾਂ ਨੂੰ ਰਾਖਵਾਂਕਰਨ ਉਪਲੱਬਧ ਕਰਾਉਣ ਲਈ ਬਾਲਮੀਕੀ/ਮਜ਼ਬੀਆਂ, ਜਿਹਨਾਂ ਨੂੰ ਅਨੁਸੂਚਿਤ ਜਾਤੀਆਂ ਦੇ ਰਾਖਵੇਂਕਰਨ ਦਾ 50% ਹਿੱਸਾ ਪਹਿਲ ਦੇ ਅਧਾਰ ਤੇ ਮਿਲਦਾ ਹੈ, ਦੇ ਕੋਟੇ ਅਤੇ ਅਨੁਸੂਚਿਤ ਜਾਤੀ ਦੇ ਸਾਬਕਾ ਫੌਜੀ, ਅਨੁਸੂਚਿਤ ਜਾਤੀ ਦੇ ਖਿਡਾਰੀਆਂ ਦੇ ਕੋਟੇ ਵਿਚੋਂ ਨਾ ਭਰੀਆਂ ਬਾਕੀ ਅਸਾਮੀਆਂ ਵਿਮੁਕਤ ਜਾਤੀਆਂ ਵਿਚੋਂ ਪਹਿਲ ਦੇ ਅਧਾਰ ਤੇ ਭਰੀਆਂ ਜਾਣ. ਪਰੰਤੂ ਇਸ ਤਰ੍ਹਾਂ ਕੀਤੀ ਗਈ ਰਿਜ਼ਰਵੇਸ਼ਨ 2% ਤੋਂ ਵੱਧ ਨਹੀਂ ਹੋਵੇਗੀ। ਇਹ ਵੀ ਲਿਖਿਆ ਗਿਆ ਸੀ ਕਿ ਵਿਮੁਕਤ ਜਾਤੀਆਂ / ਬਾਜ਼ੀਗਰ ਬਰਾਦਰੀ ਦੇ ਯੋਗ ਉਮੀਦਵਾਰ ਉਪਲੱਬਧ ਨਾ ਹੋਣ ਤੇ ਇਹ ਅਸਾਮੀਆਂ ਅਨੁਸੂਚਿਤ ਜਾਤੀ ਨਾਲ ਸਬੰਧਤ ਦੂਸਰੇ ਉਮੀਦਵਾਰਾਂ ਰਾਹੀਂ ਭਰੀਆਂ ਜਾਣਗੀਆਂ।

2. ਵਿਮੁਕਤ ਜਾਤੀਆਂ ਅਤੇ ਬਾਜ਼ੀਗਰ ਬਰਾਦਰੀ ਦੇ ਨੁਮਾਇੰਦਿਆਂ ਵੱਲੋਂ ਸਰਕਾਰ ਦੇ ਧਿਆਨ ਵਿਚ ਲਿਆਂਦਾ ਗਿਆ ਹੈ ਕਿ ਕਈ ਵਿਭਾਗਾਂ ਵੱਲੋਂ ਸਰਕਾਰ ਦੁਆਰਾ ਇਹਨਾਂ ਜਾਤੀਆਂ ਲਈ ਨਿਰਧਾਰਤ ਕੀਤੀ ਗਈ ਰਿਜ਼ਰਵੇਸ਼ਨ ਦਾ ਲਾਭ ਉਹਨਾਂ ਨੂੰ ਨਹੀਂ ਦਿੱਤਾ ਜਾ ਰਿਹਾ। ਇਸ ਲਈ ਆਪ ਨੂੰ ਮੁੜ ਬੇਨਤੀ ਕੀਤੀ ਜਾਂਦੀ ਹੈ ਕਿ ਸਰਕਾਰ ਵੱਲੋਂ ਵਿਮੁਕਤ ਜਾਤੀਆਂ ਅਤੇ ਬਾਜ਼ੀਗਰਾਂ ਨੂੰ ਰਿਜ਼ਰਵੇਸ਼ਨ ਦੇਣ ਲਈ ਬਣਾਈ ਗਈ ਨੀਤੀ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਵਿਸ਼ਵਾਸ਼ਪਾਤਰ,

(ਸਹੀ)

ਅਧੀਨ ਸਕੱਤਰ ਭਲਾਈ।

ਇਕ ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਇਸ ਵਿਭਾਗ ਦੇ ਅੰ:ਵਿ:ਪੱ:ਨੰ:1/3/98-ਰਸ-1/949, ਮਿਤੀ 20.12.2001 ਦੇ ਹਵਾਲੇ ਵਿਚ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਸਹੀ)

ਅਧੀਨ ਸਕੱਤਰ ਭਲਾਈ।

ਸੇਵਾ ਵਿਖੇ

ਰਾਜ ਦੇ ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ
ਅਤੇ ਪ੍ਰਬੰਧਕੀ ਸਕੱਤਰ, ਪੰਜਾਬ।

ਅੰ:ਵਿ:ਪੱ:ਨੰ:1/3/98-ਰਸ-1/963 ਮਿਤੀ, ਚੰਡੀਗੜ੍ਹ 22.7.2008.